# ਓਨਟੇਰੀਓ ਵਿਚ ਹੈਲਥ ਕੇਅਰ:
# ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਲੈਣਾ

ਜੇ ਤੁਸੀਂ ਬੀਮਾਰ ਹੋ ਜਾਵੋ ਜਾਂ ਤੁਹਾਡੇ ਸੱਟ ਲੱਗ ਜਾਵੇ ਤਾਂ ਤੁਹਾਨੂੰ ਦਵਾਈ ਲੈਣ ਦੀ ਲੋੜ ਹੋ ਸਕਦੀ ਹੈ। ਕੁਝ ਕੇਸਾਂ ਵਿਚ, ਤੁਸੀਂ ਦਵਾਈਆਂ ਡਾਕਟਰ ਜਾਂ ਨਰਸ ਕੋਲ ਜਾਏ ਬਿਨਾਂ ਕਿਸੇ ਡਰੱਗ ਸਟੋਰ ਤੋਂ ਖਰੀਦ ਸਕਦੇ ਹੋ। ਇਨ੍ਹਾਂ ਨੂੰ ਓਵਰ-ਦਾ-ਕਾਊਂਟਰ ਡਰੱਗਜ਼ ਆਖਿਆ ਜਾਂਦਾ ਹੈ।

ਹੋਰ ਦਵਾਈਆਂ ਲਈ, ਤੁਹਾਨੂੰ ਡਾਕਟਰ ਜਾਂ ਨਰਸ ਦੀ ਪਰਚੀ (ਪ੍ਰਿਸਕਰਿਪਸ਼ਨ) ਦੀ ਲੋੜ ਪਵੇਗੀ। ਇਹ ਪਰਚੀ ਫਾਰਮਾਸਿਸਟ ਨੂੰ ਦੱਸਦੀ ਹੈ ਕਿ ਕਿਹੜੀ ਦਵਾਈ (ਦਵਾਈਆਂ) ਤੁਹਾਨੂੰ ਲੈਣ ਦੀ ਲੋੜ ਪਵੇਗੀ, ਕਦੋਂ ਲੋੜ ਪਵੇਗੀ ਅਤੇ ਕਿੰਨੇ ਦਿਨਾਂ ਲਈ ਲੋੜ ਪਵੇਗੀ। ਫਾਰਮਾਸਿਸਟ ਤੁਹਾਨੂੰ ਇਹ ਦੱਸੇਗਾ ਕਿ ਦਵਾਈ ਸੁਰੱਖਿਅਤ ਤਰੀਕੇ ਨਾਲ ਕਿਵੇਂ ਲੈਣੀ ਹੈ।

ਤੁਸੀਂ ਡਾਕਟਰ ਦੀ ਪਰਚੀ ਦਾ ਕੀ ਕਰਦੇ ਹੋ? ਕੀ ਕੋਈ ਡਰੱਗ ਪਲੈਨ ਹੈ ਜਿਹੜੀ ਖਰਚੇ ਦਾ ਹਿੱਸਾ ਵੰਡਾਉਣ ਵਿਚ ਮਦਦ ਕਰਦੀ ਹੈ? ਇੱਥੇ ਦਿੱਤੀ ਜਾਣਕਾਰੀ ਇਹ ਸਮਝਣ ਵਿਚ ਤੁਹਾਡੀ ਮਦਦ ਕਰੇਗੀ:

- ਡਾਕਟਰ ਦੀ ਪਰਚੀ ਨਾਲ ਦਵਾਈਆਂ ਕਿਵੇਂ ਲੈਣੀਆ ਹਨ
- ਓਨਟੇਰੀਓ ਵਿਚ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਦਾ ਖਰਚਾ ਕੌਣ ਦਿੰਦਾ ਹੈ

*ਤੁਸੀਂ ontario.ca/healthcarebasics ਵੈੱਬਸਾਈਟ 'ਤੇ ਇਹ ਤੱਥ ਸ਼ੀਟ ਜ਼ਿਆਦਾ ਜ਼ਬਾਨਾਂ ਵਿਚ ਦੇਖ ਸਕਦੇ ਹੋ। "ਇਨਫਰਮੇਸ਼ਨ ਇਨ ਅਦਰ ਲੈਂਗੁਏਜਜ਼" ਬਟਨ 'ਤੇ ਕਲਿੱਕ ਕਰੋ। ਔਨਲਾਈਨ ਅਡੀਸ਼ਨ ਤੁਹਾਨੂੰ ਓਨਟੇਰੀਓ ਵਿਚ ਡਾਕਟਰੀ ਮਦਦ ਲੈਣ ਬਾਰੇ ਜ਼ਿਆਦਾ ਜਾਣਨ ਲਈ ਲਿੰਕ ਵੀ ਦੇਵੇਗਾ।*

## 1. ਮੇਰੇ ਡਾਕਟਰ ਨੇ ਮੈਨੂੰ ਪਰਚੀ ਦਿੱਤੀ ਹੈ। ਮੈਂ ਇਸ ਨਾਲ ਕੀ ਕਰਾਂ?

ਤੁਹਾਨੂੰ ਆਪਣੀ ਪਰਚੀ ਕਿਸੇ ਫਾਰਮੇਸੀ (ਜਿਸ ਨੂੰ ਡਰੱਗ ਸਟੋਰ ਵੀ ਆਖਿਆ ਜਾਂਦਾ ਹੈ) ਨੂੰ ਦੇਣ ਦੀ ਲੋੜ ਹੈ। ਤੁਸੀਂ ਕਿਸੇ ਸਟੋਰ ਦੀ ਚੋਣ ਉਸ ਦੇ ਸਥਾਨ ਅਤੇ ਖੁੱਲ੍ਹਣ ਦੇ ਸਮਿਆਂ ਵਰਗੇ ਪੱਖਾਂ ਦੇ ਆਧਾਰ 'ਤੇ ਕਰ ਸਕਦੇ ਹੋ।

ਸਟਾਫ ਡਾਕਟਰ ਦੀ ਪਰਚੀ ਨੂੰ ਅਤੇ ਤੁਹਾਡੀ ਨਿੱਜੀ ਜਾਣਕਾਰੀ ਚੈੱਕ ਕਰੇਗਾ ਜਿਵੇਂ ਕਿ ਤੁਹਾਡਾ ਨਾਂ, ਐਡਰੈਸ ਅਤੇ ਫੋਨ ਨੰਬਰ। ਜੇ ਤੁਹਾਡੇ ਕੋਲ ਕੋਈ ਡਰੱਗ ਪਲੈਨ ਹੈ ਜਿਹੜੀ ਦਵਾਈ ਦਾ ਖਰਚਾ ਦੇਣ ਵਿਚ ਮਦਦ ਕਰੇਗੀ ਤਾਂ ਤੁਹਾਨੂੰ ਇਹ ਜਾਣਕਾਰੀ ਦੇਣ ਦੀ ਲੋੜ ਹੈ। ਫਾਰਮਾਸਿਸਟ ਤੁਹਾਨੂੰ ਇਹ ਦੱਸੇਗਾ ਕਿ ਦਵਾਈ ਸੁਰੱਖਿਅਤ ਤਰੀਕੇ ਨਾਲ ਕਿਵੇਂ ਲੈਣੀ ਹੈ। ਦਵਾਈ ਲੈਣ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਪੁੱਛਣਾ ਯਾਦ ਰੱਖੋ।

## 2. ਕੀ ਓਨਟੇਰੀਓ ਸਰਕਾਰ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਮੇਰੀਆਂ ਦਵਾਈਆਂ ਲਈ ਖਰਚਾ ਦਿੰਦੀ ਹੈ?

ਤੁਸੀਂ ਓਨਟੇਰੀਓ ਦੇ ਕਿਸੇ ਇਕ ਡਰੱਗ ਪ੍ਰੋਗਰਾਮ ਲਈ ਹੱਕਦਾਰ ਹੋ ਸਕਦੇ ਹੋ। ਇਨ੍ਹਾਂ ਵਿਚ ਸ਼ਾਮਲ ਹਨ:

- Ontario Drug Benefit Program. ਇਹ ਪ੍ਰੋਗਰਾਮ 3,300 ਤੋਂ ਜ਼ਿਆਦਾ ਦਵਾਈਆਂ ਵਾਲੀਆਂ ਚੀਜ਼ਾਂ ਲਈ ਖਰਚਾ ਦਿੰਦਾ ਹੈ ਜਿਸ ਵਿਚ ਖੁਰਾਕੀ ਵਸਤਾਂ ਅਤੇ ਸ਼ੂਗਰ ਟੈੱਸਟ ਕਰਨ ਵਾਲਾ ਸਮਾਨ ਵੀ ਸ਼ਾਮਲ ਹੈ। ਓਨਟੇਰੀਓ ਦੇ 65 ਸਾਲ ਤੋਂ ਜ਼ਿਆਦਾ ਉਮਰ ਦੇ ਸਾਰੇ ਲੋਕ ਆਪਣੇ ਆਪ ਹੀ ਇਸ ਪ੍ਰੋਗਰਾਮ ਹੇਠ ਕਵਰ ਹਨ।

Punjabi – Health Care in Ontario: Getting Prescription Drugs Cat# 015659 Nov/2010 © Queen's Printer for Ontario

Ontario

- Trillium Drug Program. ਇਹ ਪ੍ਰੋਗਰਾਮ ਓਨਟੇਰੀਓ ਵਿਚ ਰਹਿੰਦੇ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਆਪਣੀ ਆਮਦਨ ਦਾ ਵੱਡਾ ਹਿੱਸਾ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ’ਤੇ ਖਰਚ ਕਰਦੇ ਹਨ।

ਜਾਂ, ਜੇ ਤੁਸੀਂ ਕੰਮ ਕਰਦੇ ਹੋ ਤਾਂ ਤੁਹਾਡਾ ਕੰਮ-ਮਾਲਕ (ਇਮਪਲੌਇਅਰ) ਅਜਿਹੀ ਡਰੱਗ ਪਲੈਨ ਦੀ ਪੇਸ਼ਕਸ਼ ਕਰ ਸਕਦਾ ਹੈ ਜਿਹੜਾ ਤੁਹਾਡੀਆਂ ਦਵਾਈਆਂ ਦਾ ਕੁਝ ਜਾਂ ਸਾਰਾ ਖਰਚਾ ਦਿੰਦਾ ਹੋਵੇ। ਜੇ ਨਹੀਂ ਤਾਂ ਤੁਹਾਨੂੰ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਆਪਣੀਆਂ ਦਵਾਈਆਂ ਦਾ ਖਰਚਾ ਆਪ ਦੇਣਾ ਪਵੇਗਾ।

### 3. ਮੈਂ ਓਨਟੇਰੀਓ ਡਰੱਗ ਬੈਨੇਫਿਟ ਪ੍ਰੋਗਰਾਮ ਜਾਂ ਟ੍ਰਿਲੀਅਮ ਡਰੱਗ ਪ੍ਰੋਗਰਾਮ ਲਈ ਕਿਵੇਂ ਅਪਲਾਈ ਕਰਾਂ?

ਇਨ੍ਹਾਂ ਪ੍ਰੋਗਰਾਮਾਂ ਦੇ ਯੋਗ ਹੋਣ ਲਈ ਤੁਹਾਡੇ ਲਈ ਕੁਝ ਖਾਸ ਸ਼ਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ।

***ਓਨਟੇਰੀਓ ਡਰੱਗ ਬੈਨੇਫਿਟ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ:*** ਇਹ ਪ੍ਰੋਗਰਾਮ ਮੁੱਖ ਤੌਰ ’ਤੇ ਬਜ਼ੁਰਗਾਂ ਅਤੇ ਹੋਮ ਜਾਂ ਲੌਂਗ-ਟਰਮ ਕੇਅਰ ਦੀ ਲੋੜ ਵਾਲੇ ਲੋਕਾਂ ਲਈ ਹੈ। ਜੇ ਤੁਸੀਂ

- 65 ਸਾਲ ਤੋਂ ਜ਼ਿਆਦਾ ਉਮਰ ਦੇ ਹੋ, ਅਤੇ
- ਤੁਹਾਡੇ ਕੋਲ ਯੋਗ ਓਨਟੇਰੀਓ ਹੈਲਥ ਕਾਰਡ ਹੈ

ਤਾਂ ਤੁਹਾਨੂੰ ਅਪਲਾਈ ਕਰਨ ਦੀ ਲੋੜ ਨਹੀਂ ਹੈ। ਤੁਸੀਂ ਸਿਰਫ ਆਪਣੀ ਡਾਕਟਰ ਦੀ ਪਰਚੀ ਅਤੇ ਆਪਣਾ ਹੈਲਥ ਕਾਰਡ ਆਪਣੇ ਡਰੱਗ ਸਟੋਰ ਕੋਲ ਲੈ ਕੇ ਜਾਂਦੇ ਹੋ। ਫਾਰਮਾਸਿਸਟ ਨੂੰ ਦੱਸੋ ਕਿ ਤੁਸੀਂ ਹੁਣ ਓਨਟੇਰੀਓ ਡਰੱਗ ਬੈਨੇਫਿਟ ਪ੍ਰੋਗਰਾਮ ਲਈ ਹੱਕਦਾਰ ਹੋ। ਫਾਰਮਾਸਿਸਟ ਤੁਹਾਡੀ ਹੱਕਦਾਰੀ ਸਰਕਾਰ ਦੇ ਹੈਲਥ ਨੈੱਟਵਰਕ ਸਿਸਟਮ ਰਾਹੀਂ ਚੈੱਕ ਕਰੇਗਾ।

ਕੋ-ਪੇਮੈਂਟਾਂ ਅਤੇ ਕਟੌਤੀਆਂ ਵੀ ਹਨ ਜਿਹੜੀਆਂ ਤੁਹਾਨੂੰ ਦੇਣ ਦੀ ਲੋੜ ਪਵੇਗੀ। ਤੁਸੀਂ ਘੱਟ 2 ਡਾਲਰ ਕੋ-ਪੇਮੈਂਟ ਲਈ ਅਪਲਾਈ ਕਰਨ ਦੇ ਯੋਗ ਵੀ ਹੋ ਸਕਦੇ ਹੋ।

***ਨੋਟ:*** ਤੁਸੀਂ ਇਸ ਪ੍ਰੋਗਰਾਮ ਵਿਚ ਓਨਟੇਰੀਓ ਹੈਲਥ ਕੇਅਰ ਦੇ ਕਿਸੇ ਹੋਰ ਪ੍ਰੋਗਰਾਮ ਰਾਹੀਂ ਵੀ ਸ਼ਾਮਲ ਹੋ ਸਕਦੇ ਹੋ, ਜਿਵੇਂ ਕਿ ਲੌਂਗ-ਟਰਮ ਕੇਅਰ ਜਾਂ ਹੋਮ ਕੇਅਰ। ਜਿਹੜਾ ਵਿਅਕਤੀ ਉਸ ਪ੍ਰੋਗਰਾਮ ਲਈ ਅਪਲਾਈ ਕਰਨ ਵਿਚ ਤੁਹਾਡੀ ਮਦਦ ਕਰਦਾ ਹੈ, ਉਹ ਓਨਟੇਰੀਓ ਡਰੱਗ ਬੈਨੇਫਿਟ ਪ੍ਰੋਗਰਾਮ ਲਈ ਅਪਲਾਈ ਕਰਨ ਵਿਚ ਵੀ ਤੁਹਾਡੀ ਮਦਦ ਕਰੇਗਾ।

***Trillium Drug Program ਵਿਚ ਸ਼ਾਮਲ ਹੋਣ ਲਈ:*** ਤੁਸੀਂ ਆਪਣੇ ਸਥਾਨਕ ਡਰੱਗ ਸਟੋਰ ਤੋਂ ਐਪਲੀਕੇਸ਼ਨ ਕਿੱਟ ਚੁੱਕ ਸਕਦੇ ਹੋ। ਜਾਂ, 1-800-575-5386 ’ਤੇ ਫੋਨ ਕਰੋ। ਤੁਸੀਂ ਐਪਲੀਕੇਸ਼ਨ ਫਾਰਮ ਦੀ ਕਾਪੀ ਅਤੇ ਗਾਈਡ ਔਨਲਾਈਨ ਵੀ ਦੇਖ ਸਕਦੇ ਹੋ।

### 4. ਓਨੇਟਰੀਓ ਵਿਚ ਹੈਲਥ ਕੇਅਰ ਸਿਸਟਮ ਦੀ ਵਰਤੋਂ ਬਾਰੇ ਮੇਰੇ ਮਨ ਵਿਚ ਸਵਾਲ ਹਨ। ਮੈਂ ਕਿਸ ਨੂੰ ਫੋਨ ਕਰਾਂ?

ਸਰਵਿਸਓਨਟੇਰੀਓ, ਇੰਫੋਲਾਈਨ ਨਾਲ ਸਵੇਰ ਦੇ 8:30 ਤੋਂ ਲੈ ਕੇ ਸ਼ਾਮ ਦੇ 5:00 ਵਜੇ ਤੱਕ ਸੰਪਰਕ ਕਰੋ। ਸਟਾਫ ਅੰਗਰੇਜ਼ੀ, ਫਰੈਂਚ ਅਤੇ 20 ਹੋਰ ਜ਼ਬਾਨਾਂ ਵਿਚ ਤੁਹਾਡੀ ਮਦਦ ਕਰਨ ਦੇ ਯੋਗ ਹੋਵੇਗਾ। ਫੋਨ ਕਰੋ:

- 1-866-532-3161
- ਟੀ ਟੀ ਵਾਈ 1-800-387-5559
- ਟੋਰਾਂਟੋ ਵਿਚ, ਟੀ ਟੀ ਵਾਈ 416-327-4282

health.gov.on.ca ’ਤੇ ਔਨਲਾਈਨ ਜ਼ਿਆਦਾ ਜਾਣੋ।